ਪੰਜਾਬ ਸਕੂਲ ਸਿੱਖਿਆ ਬੋਰਡ

ਵੱਲ

ਸਮੂਹ ਅਧਿਐਨ ਕੇਂਦਰ ਮੁਖੀ,
(ਪੰਜਾਬ ਓਪਨ ਸਕੂਲ)

ਨੰਬਰ (32816) ਪਸਸਬ/ਓ.ਸ/2025......93............ਮਿਤੀ....07/11/2025

ਵਿਸ਼ਾ- ਓਪਨ ਸਕੂਲ ਅਕਾਦਮਿਕ ਸਾਲ 2025-26 ਦਸਵੀਂ/ਬਾਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੇ ਦਾਖਲਾ ਫ਼ਾਰਮਾਂ ਦੀਆਂ ਹਾਰਡ ਕਾਪੀਆਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਖੇਤਰੀ ਦਫ਼ਤਰਾਂ ਵਿੱਚ ਜਮ੍ਹਾਂ ਕਰਵਾਉਣ ਸਬੰਧੀ।

ਵਿਸ਼ਾ ਅੰਕਿਤ ਮਾਮਲੇ ਦੇ ਸਬੰਧ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਓਪਨ ਸਕੂਲ ਪ੍ਰਣਾਲੀ ਅਧੀਨ ਅਧਿਐਨ ਕੇਂਦਰਾਂ ਵਿੱਚ ਦਾਖਲ ਹੋ ਰਹੇ ਵਿਦਿਆਰਥੀਆਂ ਦੇ ਵੇਰਵੇ ਅਧਿਐਨ ਕੇਂਦਰਾਂ ਦੀ login ID ਤੇ ਅਪਲੋਡ ਹੋ ਚੁੱਕੇ ਹਨ। ਹਰ ਅਧਿਐਨ ਕੇਂਦਰ ਪ੍ਰਬੰਧਕ ਵੱਲੋਂ ਆਪਣੇ ਕੇਂਦਰ ਅਧੀਨ ਮਿਤੀ 31-10-2025 ਤੱਕ ਦਾਖਲ ਹੋਏ ਸਾਰੇ ਵਿਦਿਆਰਥੀਆਂ ਦੇ ਦਾਖਲਾ ਫ਼ਾਰਮਾਂ ਦੀਆਂ ਹਾਰਡ ਕਾਪੀਆਂ ਦੀਆਂ ਦੋ ਪਰਤਾਂ, ਵਿਦਿਆਰਥੀਆਂ ਦੀ ਸੂਚੀ ਸਮੇਤ, ਯੋਗਤਾ ਸਬੰਧੀ ਦਸਤਾਵੇਜ਼ਾਂ ਦੀ ਪੂਰਨ ਪੜਤਾਲ ਕਰਨ ਉਪਰੰਤ ਮੁਕੰਮਲ ਦਾਖਲਾ ਫਾਰਮ ਮਿਤੀ 15-11-2025 ਤੱਕ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਬੰਧਤ ਖੇਤਰੀ ਦਫਤਰਾਂ ਵਿਖੇ ਜਮ੍ਹਾਂ ਕਰਵਾਏ ਜਾਣੇ ਯਕੀਨੀ ਬਣਾਏ ਜਾਣ। ਮਿੱਥੀ ਮਿਤੀ ਤੱਕ ਦਾਖਲਾ ਫਾਰਮ ਜਮ੍ਹਾਂ ਕਰਵਾਉਣ ਦੀ ਸਮੁੱਚੀ ਜਿਮੇਵਾਰੀ ਸਬੰਧਤ ਅਧਿਐਨ ਕੇਂਦਰ ਮੁੱਖੀ ਦੀ ਹੋਵੇਗੀ।

07/11/2025
ਇੰਚਾਰਜ (ਓਪਨ ਸਕੂਲ)
ਵਾ: ਸਕੱਤਰ ਪੰਜਾਬ ਸਕੂਲ ਸਿੱਖਿਆ ਬੋਰਡ।

Scanned with CamScanner